# ਲਿਬਰਲ ਜਮਹੂਰੀਅਤ ਅਤੇ ਨਵ-ਲਿਬਰਲ ਅਰਥਚਾਰਾ ਮਸਲਿਆਂ ਨੂੰ ਹੱਲ ਨਹੀਂ ਕਰ ਸਕਦੇ

ਦੱਖਣੀ ਏਸ਼ੀਆ ਦੇ ਹਾਕਮ ਅਦਾਰੇ ਅਤੇ ਉਨ੍ਹਾਂ ਦੇ ਮੁਦੱਬਰ ਹਰੇਕ ਸਿਆਸੀ ਤੇ ਆਰਥਕ ਮਸਲੇ ਦਾ ਹੱਲ ਲਿਬਰਲ ਜਮਹੂਰੀਅਤ ਅਤੇ ਲਿਬਰਲ ਅਰਥਚਾਰਾ ਹੀ ਦੱਸਦੇ ਹਨ। ਬਸਤੀਵਾਦ ਅਤੇ ਮਰਾਜ ਦੇ ਹਮਾਇਤੀ ਅਤੇ ਝੋਲੀ-ਚੁੱਕਾਂ ਨੇ ਇਹ ਮੰਤਰ ਤੋਤੇ ਵਾਂਗ ਰਟ ਲਿਆ ਹੈ ਤੇ ਉਹ ਹਰ ਮਸਲੇ ਦਾ ਹੱਲ ਇਨ੍ਹਾਂ ਵਿਚ ਹੀ ਲੱਭਦੇ ਹਨ।

ਹਿੰਦੁਸਤਾਨ, ਪਾਕਿਸਤਾਨ, ਨੇਪਾਲ, ਬੰਗਲਾਦੇਸ਼, ਸ਼੍ਰੀ ਲੰਕਾ, ਬਰਮਾ, ਅਫ਼ਗਾਨਿਸਤਾਨ ਅਤੇ ਹੋਰਨਾਂ ਥਾਵਾਂ ਵਿਚ ਸਾਮਰਾਜੀ ਅਤੇ ਉਨ੍ਹਾਂ ਦੇ ਝੋਲੀ-ਚੁੱਕ ਹਾਕਮ ਯੂਰਪੀ ਲਿਬਰਲ ਜਮਹੂਰੀਅਤ ਅਤੇ ਨਵ-ਲਿਬਰਲ ਅਰਥਚਾਰਾ ਡੰਡੇ ਅਤੇ ਬੰਦੂਕਾਂ ਨਾਲ ਲੋਕਾਂ ਉਤੇ ਮੜ੍ਹ ਰਹੇ ਹਨ। ਪੱਛਮੀ ਬੰਗਾਲ ਵਿਚ ਨੰਦੀਗਰਾਮ ਇਸਦੀ ਇਕ ਤਾਜ਼ਾ ਮਿਸਾਲ ਹੈ। ਪਾਕਿਸਤਾਨ, ਨੇਪਾਲ, ਅਫਗਾਨਿਸਤਾਨ ਅਤੇ ਹੋਰਨਾਂ ਮੁਲਕਾਂ ਵਿਚ ਵੀ ਇਹ ਜ਼ੋਰ ਅਤੇ ਡੰਡੇ ਨਾਲ ਇਹੋ ਕੁਝ ਰਹੇ ਹਨ।

ਜੇ ਹਾਲਾਤ ਅਤੇ ਇਤਹਾਸ ਨੂੰ ਘੋਖ ਕੇ ਅਸਲੀਅਤ ਲੱਭਣ ਦੀ ਕੋਸ਼ਿਸ਼ ਕੀਤੀ ਜਾਵੇ ਤਾਂ ਇਕ ਗੱਲ ਤਾਂ ਸਾਫ ਜ਼ਾਹਿਰ ਹੋ ਜਾਂਦੀ ਹੈ ਕਿ ਲਿਬਰਲ ਜਮਹੂਰੀਅਤ, ਲਿਬਰਲ ਅਰਥਚਾਰਾ ਅਤੇ ਇਸਦੇ ਸਾਰੇ ਹੀ ਅਦਾਰੇ ਮੁੱਢ ਤੋਂ ਹੀ ਆਮ ਲੋਕਾਂ ਤੋਂ ਸਿਆਸੀ ਤਾਕਤ ਖੋਹਣ ਅਤੇ ਉਨ੍ਹਾਂ ਦੀ ਲੁੱਟ ਖਸੁੱਟ ਲਈ ਹੋਂਦ ਵਿਚ ਲਿਆਂਦੇ ਗਏ ਸਨ। ਇੰਗਲੈਂਡ, ਹਾਲੈਂਡ, ਫਰਾਂਸ, ਅਮਰੀਕਾ ਅਤੇ ਹੋਰਨਾਂ ਥਾਵਾਂ ਵਿਚ ਲਿਬਰਲ ਜਮਹੂਰੀਅਤ ਦੇ ਸਾਰੇ ਹੀ ਅਦਾਰੇ ਆਮ ਸ਼ਹਿਰੀ ਤੋਂ ਤਾਕਤ ਖੋਹ ਕੇ ਜ਼ੋਰ ਵਾਲਿਆਂ ਦੇ ਹੱਥ ਵਿਚ ਦੇਣ ਲਈ ਹੀ ਬਣਾਏ ਗਏ ਸੀ। ਜਿਸ ਵੇਲੇ ਇਹ ਅਦਾਰੇ ਬਣਾਏ ਗਏ ਉਸ ਵੇਲੇ ਚੋਣਾਂ ਵਿਚ ਵੀ ਆਰਥਕ ਜ਼ੋਰ ਵਾਲੇ ਮਰਦ ਹੀ ਖੜੇ ਹੋ ਸਕਦੇ ਸੀ ਤੇ ਵੋਟ ਪਾਉਣ ਦਾ ਹੱਕ ਵੀ ਸਿਰਫ਼ ਜਾਇਦਾਦ ਦੇ ਮਾਲਕ ਮਰਦਾਂ ਨੂੰ ਹੀ ਸੀ। ਅਮਰੀਕਾ ਵਿਚ ਲਿਬਰਲ ਜਮਹੂਰੀਅਤ ਦੇ ਕਾਨੂੰਨਾਂ ਤਹਿਤ ਔਰਤਾਂ ਅਤੇ ਅਫਰੀਕਣਾਂ ਨੂੰ ਮਰਦਾਂ ਅਤੇ ਮਾਲਕਾਂ ਦੀ ਜਾਇਦਾਦ ਹੀ ਦੱਸਿਆ ਜਾਂਦਾ ਸੀ। ਇਸ ਲਿਬਰਲ ਜਮਹੂਰੀਅਤ ਦੇ ਖ਼ਿਲਾਫ਼ ਗੁਲਾਮਾਂ, ਔਰਤਾਂ ਅਤੇ ਮਜ਼ਦੂਰਾਂ ਨੇ ਪੁਰਜ਼ੋਰ ਘੋਲ ਚਲਾ ਕੇ ਇਸ ਲਿਬਰਲ ਜਮਹੂਰੀਅਤ ਦੇ ਅਦਾਰਿਆਂ ਨੂੰ ਆਪਣੇ ਹੱਕ ਪਰਵਾਨ ਕਰਨ ਉਤੇ ਮਜਬੂਰ ਕੀਤਾ। ਇਹ ਹੱਕ ਜਿਤਣ ਲਈ ਗੁਲਾਮਾਂ, ਔਰਤਾਂ ਅਤੇ ਮਜ਼ਦੂਰਾਂ ਨੇ ਲੱਖਾਂ ਹੀ ਕੁਰਬਾਨੀਆਂ ਦਿੱਤੀਆਂ। ਇਨ੍ਹਾਂ ਮੁਲਕਾਂ ਵਿਚ ਲਿਬਰਲ ਅਰਥਚਾਰੇ ਦੀ ਲੁੱਟ ਦੇ ਰਿਸ਼ਤਿਆਂ ਨੂੰ ਕਾਇਮ ਰੱਖਣ ਲਈ ਹੀ ਲਿਬਰਲ ਜਮਹੂਰੀਅਤ ਕਾਇਮ ਕੀਤੀ ਗਈ ਸੀ ਅਤੇ ਅਜੇ ਤੱਕ ਵੀ ਇਹ ਲੁੱਟ ਦੇ ਰਿਸ਼ਤਿਆਂ ਦੇ ਹੀ ਹਿੱਤ ਪੂਰਦੀ ਹੈ।

ਹਿੰਦੁਸਤਾਨ ਅਤੇ ਹੋਰਨਾਂ ਮੁਲਕਾਂ ਵਿਚ ਬਸਤੀਵਾਦੀ ਲੁੱਟ ਖਸੁੱਟ ਉਸ ਤਰਾਂ ਹੀ ਬਰਕਰਾਰ ਰੱਖਣ ਲਈ ਬਸਤੀਵਾਦ ਖ਼ਤਮ ਹੋਣ ਦੇ ਬਾਅਦ ਵੀ ਲਿਬਰਲ ਜਮਹੂਰੀ ਅਦਾਰੇ ਅਤੇ ਬਸਤੀਵਾਦੀਆਂ ਦੇ ਹੋਰ ਕਾਇਦੇ-ਕਾਨੂੰਨ ਉਸੇ ਤਰਾਂ ਹੀ ਕਾਇਮ ਰੱਖੇ ਗਏ। ਬਸਤੀਵਾਦ ਦੇ ਝੋਲੀਚੁੱਕ ਵੱਡੇ ਸਰਮਾਏਦਾਰਾਂ ਅਤੇ ਜਗੀਰਦਾਰਾਂ ਨੂੰ ਯੂਰਪੀ ਤਰਜ਼ ਦੀ ਇਹ ਲਿਬਰਲ ਜਮਹੂਰੀਅਤ ਬਹੁਤ ਰਾਸ ਆਈ। ਟਾਟਾ, ਬਿਰਲਾ ਅਤੇ ਉਨ੍ਹਾਂ ਵਰਗੇ ਹੋਰ ਧਨਾਡਾਂ ਦੇ ਮੁਨਾਫ਼ੇ ਸੈਂਕੜੇ ਗੁਣਾਂ ਵੱਧ ਗਏ ਹਨ ਅਤੇ ਕਈ ਰਾਜੇ ਮਹਾਰਾਜੇ ਰਾਜਾਂ ਦੇ ਵਜ਼ੀਰ ਬਣ ਕੇ ਇਸ ਜਮਹੂਰੀਅਤ ਦੇ ਸੋਹਲੇ ਗਾ ਰਹੇ ਹਨ।

ਲਿਬਰਲ ਜਮਹੂਰੀਅਤ ਦੇ ਅਦਾਰਿਆਂ ਨੂੰ ਹੁਣ ਜ਼ੋਰ ਵਾਲੀਆਂ ਧਿਰਾਂ ਨਵ-ਲਿਬਰਲ ਅਰਥਚਾਰੇ ਲਈ ਜਾਣੀ ਕਿ ਕਬੀਲਿਆਂ, ਕੌਮਾਂ, ਕਿਰਤੀਆਂ, ਕਿਸਾਨਾਂ ਅਤੇ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਦੀ ਲੁੱਟ ਹੋਰ ਤੇਜ਼ ਕਰਨ ਲਈ ਵਰਤ ਰਹੇ ਹਨ ਅਤੇ ਲੋਕਾਂ ਨੂੰ ਲੈਕਚਰ ਦੇ ਰਹੇ ਹਨ ਕਿ ਇਸ ਤਰ੍ਹਾਂ ਨਾਲ ਹੀ ਉਨ੍ਹਾਂ ਦੀ ਖ਼ੁਸ਼ਹਾਲੀ ਵਧੇਗੀ। ਇਸ ਲਿਬਰਲ ਜਮਹੂਰੀਅਤ ਅਤੇ ਇਸ ਨਵ-ਲਿਬਰਲ ਅਰਥਚਾਰੇ ਦੀਆਂ ਸਾਰੀਆਂ ਹੀ ਪਾਰਟੀਆਂ ਹਾਮੀ ਹਨ ਅਤੇ ਕਾਂਗਰਸ, ਭਾਜਪਾ, ਸੀ ਪੀ ਆਈ (ਐਮ), ਬੀ ਐਸ ਪੀ ਅਤੇ ਸਮਾਜਵਾਦੀ ਪਾਰਟੀ ਵਗੈਰਾ ਇਹੋ ਰਾਗ ਅਲਾਪ ਰਹੀਆਂ ਹਨ। ਇਹ ਸਾਰੀਆਂ ਹੀ ਪਾਰਟੀਆਂ ਲੁੱਟ ਖਸੁੱਟ ਦੇ ਰਿਸ਼ਤੇ ਬਰਕਰਾਰ ਰੱਖਣਾ ਚਾਹੁੰਦੀਆਂ ਹਨ। ਪਾਕਿਸਤਾਨ, ਬੰਗਲਾਦੇਸ਼, ਸ਼੍ਰੀ ਲੰਕਾ, ਅਫ਼ਗਾਨਿਸਤਾਨ ਅਤੇ ਹੋਰਨਾਂ ਦੇਸ਼ਾਂ ਵਿਚ ਵੀ ਇਹੋ ਹਾਲ ਹੈ। ਮਿਸਾਲ ਦੇ ਤੌਰ ਤੇ ਪਾਕਿਸਤਾਨ ਵਿਚ ਵੀ ਮੁਸ਼ਰਫ਼, ਭੁੱਟੋ ਅਤੇ ਨਵਾਜ਼ ਸ਼ਰੀਫ਼ ਵਰਗਿਆਂ ਦੀਆਂ ਸਾਰੀਆਂ ਹੀ ਪਾਰਟੀਆਂ ਦਾ ਇਕੋ ਹੀ ਨਿਸ਼ਾਨਾ ਹੈ ਕਿ ਲੁੱਟ ਖਸੁੱਟ ਦੇ ਰਿਸ਼ਤੇ ਹਰ ਹਾਲਤ ਵਿਚ ਕਾਇਮ ਰੱਖੇ ਜਾਣ।

ਜ਼ੋਰਾਂ ਵਾਲਿਆਂ ਨੇ ਇਹ ਲਿਬਰਲ ਜਮਹੂਰੀਅਤ ਬਣਾਈ ਹੀ ਲੋਕਾਂ ਦੇ ਹੱਕਾਂ ਤੇ ਸੱਟ ਮਾਰਨ ਲਈ ਅਤੇ ਉਨ੍ਹਾਂ ਦੀ ਲੁੱਟ ਖਸੁੱਟ ਕਰਨ ਲਈ ਸੀ। ਫਿਰ ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਇਹ ਲੋਕਾਂ ਦਾ ਪੱਖ ਪੂਰ ਸਕੇ? ਇਹ ਇਕ ਬੁਨਿਆਦੀ ਸੁਆਲ ਹੈ ਜੋ ਅੱਜ ਜਵਾਬ ਮੰਗਦਾ ਹੈ। ਲਿਬਰਲ ਜਮਹੂਰੀਅਤ ਅਤੇ ਨਵ-ਲਿਬਰਲ ਅਰਥਚਾਰੇ ਤੋਂ ਲੋਕਾਂ ਦੇ ਭਲੇ ਦੀ ਆਸ ਰਖਣਾ ਝੋਟੇ ਕੋਲੋਂ ਦੁੱਧ ਦੀ ਆਸ ਕਰਨਾ ਹੈ। ਦੱਖਣੀ ਏਸ਼ੀਆ ਦੇ ਲੋਕਾਂ ਅਤੇ ਕੌਮਾਂ ਨੂੰ ਆਪਣੇ ਸਿਆਸੀ, ਆਰਥਕ ਅਤੇ ਸਮਾਜੀ ਮਸਲੇ ਹੱਲ ਕਰਨ ਲਈ ਦੁਨੀਆ ਦੇ ਲੋਕਾਂ ਦੇ ਤਜਰਬੇ, ਆਪਣੇ ਤਜਰਬੇ ਅਤੇ ਆਪਣੇ ਦਰਸ਼ਨ ਤੋਂ ਸੇਧ ਲੈ ਕੇ ਨਵੇਂ ਸਿਆਸੀ ਅਦਾਰੇ ਅਤੇ ਆਰਥਕ ਰਿਸ਼ਤੇ ਕਾਇਮ ਕਰਨ ਦੀ ਲੋੜ ਹੈ ਜੋ ਉਨ੍ਹਾਂ ਨੂੰ ਖੁਸ਼ਹਾਲ ਅਤੇ ਪ੍ਰਫੁੱਲਤ ਕਰ ਸਕਣ। ਇਹ ਕੰਮ ਉਹ ਆਪਣੇ ਪੈਰਾਂ ਤੇ ਖੜੇ ਹੋ ਕੇ ਹੀ ਕਰ ਸਕਦੇ ਹਨ। ਰਾਜ ਦੇ ਕਿਸੇ ਵੀ ਮੌਜੂਦਾ ਅਦਾਰੇ, ਜਿਵੇਂ ਕਿ ਪਾਰਲੀਮੈਂਟ, ਅਦਾਲਤਾਂ, ਫੌਜ, ਪੁਲੀਸ ਅਤੇ ਸਿਆਸੀ ਪਾਰਟੀਆਂ ਤੋਂ ਲੋਕਾਂ ਨੂੰ ਕੋਈ ਆਸ ਨਹੀਂ ਰੱਖਣੀ ਚਾਹੀਦੀ। ਇਹ ਸਭ ਅਦਾਰੇ ਲੁੱਟ ਖਸੁੱਟ ਦੇ ਰਿਸ਼ਤੇ ਬਰਕਰਾਰ ਰੱਖਣ ਅਤੇ ਲੁੱਟ ਨੂੰ ਹੋਰ ਤੇਜ਼ ਕਰਨ ਲਈ ਹੀ ਹਨ। ਆਪਣੇ ਮਸਲਿਆਂ ਦੇ ਹੱਲ ਲਈ ਉਨ੍ਹਾਂ ਨੂੰ ਆਪਣੀ ਲੋੜ ਮੁਤਾਬਿਕ, ਆਪਣੀ ਏਕਤਾ ਅਤੇ ਸੰਘਰਸ਼ ਨਾਲ ਨਵੀਂ ਉਸਾਰੀ ਕਰਨ ਦੀ ਲੋੜ ਹੈ।